ਝੋਨੇ ਦੇ ਸੀਜ਼ਨ 'ਚ ਕਿਸਾਨਾਂ ਨੂੰ 8 ਘੰਟੇ ਨਿਰਵਿਘਨ ਬਿਜਲੀ ਸਪਲਾਈ ਦੇਣ ਦੇ ਸਰਕਾਰੀ ਵਾਅਦੇ ਖੋਖਲੇ

*** ਖੇਤੀ ਸੈਕਟਰ ਨੂੰ ਮਿਲ ਰਹੀ ਸਿਰਫ 5 ਘੰਟੇ ਟੁੱਟਵੀਂ ਬਿਜਲੀ**

ਮਜੀਠਾ, ਜੂਨ (ਬਿਕਰਮਜੀਤ ਗਿੱਲ)-ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਨੇ ਝੋਨੇ ਦੇ ਸੀਜ਼ਨ ਦੌਰਾਨ ਖੇਤੀ ਸੈਕਟਰ ਨੂੰ 8 ਘੰਟੇ ਨਿਰਵਿਘਨ ਬਿਜਲੀ ਦੇਣ ਦਾ ਐਲਾਨ ਕੀਤਾ ਹੋਇਆ ਹੈ ਪਰ ਅਸਲ ਵਿੱਚ ਖੇਤੀ ਸੈਕਟਰ ਨੂੰ ਸਿਰਫ 5 ਜਾਂ 6 ਘੰਟੇ ਬਿਜਲੀ ਸਪਲਾਈ ਮਿਲਦੀ ਹੈ ਤੇ ਉਹ ਵੀ ਟੁੱਟਵੀਂ। ਪਿੰਡ ਹਰੀਆਂ, ਸੋਹੀਆਂ ਕਲਾਂ, ਜੰਡੂਸਿੰਘਾ ਦੇ ਕਿਸਾਨਾਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਰਾਤ ਦੇ ਗਰੁੱਪ ਵਿੱਚ ਬਿਜਲੀ ਰਾਤ 12 ਵਜੇ ਆਉਣੀ ਸੀ, ਕਿਸਾਨ 12 ਵਜੇ ਤੋਂ ਬੱਝੀਆਂ ਤੋਂ ਬਿਜਲੀ ਦੀ ਉਡੀਕ ਕਰਦੇ ਰਹੇ ਪਰ ਕਿਸੇ ਪਿੰਡ ਵਿੱਚ ਬਿਜਲੀ 2 ਵਜੇ ਤੇ ਕਿਸੇ ਵਿੱਚ 3 ਵਜੇ ਆਈ ਜਿਹੜੀ ਕਿ ਸਵੇਰ ਦੇ 8 ਵਜੇ ਤੱਕ ਚੱਲਣੀ ਸੀ ਪਰ ਕੁਝ ਦੇਰ ਚੱਲ ਕੇ ਬਿਜਲੀ ਬੰਦ ਹو ਗਈ।

ਇਸੇ ਤਰ੍ਹਾਂ ਕਰੀਬ 5 ਘੰਟੇ ਬਿਜਲੀ ਟੁੱਟ-ਟੁੱਟ ਕੇ ਆਈ ਜਿਸ ਨਾਲ ਕਿਸਾਨਾਂ ਦੇ ਕਹਿਣ ਅਨੁਸਾਰ ਖੇਤ ਵਿੱਚ ਅਖੀਰ ਤੱਕ ਪਾਣੀ ਨਹੀਂ ਪਹੁੰਚਦਾ ਜਿਸ ਨਾਲ ਝੋਨੇ ਦੀ ਫਸਲ ਨਹੀਂ ਬੀਜੀ ਜਾ ਸਕਦੀ। ਇਹੋ ਹਾਲ ਜ਼ਿਹੜੀ ਖੇਤਰ ਦੀ ਬਿਜਲੀ ਦਾ ਹੈ। ਕਸਬਾ ਮਜੀਠਾ ਵਿੱਚ ਵਾਰਡ ਨੰਬਰ 8 ਅਤੇ ਵਾਰਡ ਨੰਬਰ 9 ਦੇ ਘਰਾਂ ਵਿੱਚ ਬੀਤੀ ਰਾਤ ਤੋਂ ਬਿਜਲੀ ਬੰਦ ਹੋਈ ਜਿਹੜੀ ਅੱਜ ਦੁਪਹਿਰ ਇੱਕ ਵਜੇ ਆਈ। ਅੱਧਾ ਘੰਟਾ ਬਿਜਲੀ ਚੱਲੀ, ਫਿਰ ਪਾਵਰ ਕੱਟ ਆ ਗਿਆ ਜਿਹੜਾ ਕਿ 4 ਵਜੇ ਤੱਕ ਚੱਲਿਆ।

ਸ਼ਹਿਰ ਵਿੱਚ ਬਿਜਲੀ ਤੋਂ ਬਿਨਾਂ ਹਾਹਾਕਾਰ ਮੱਚੀ ਹੋਈ ਹੈ। ਕੁਝ ਖਪਤਕਾਰਾਂ ਨੇ ਦੱਸਿਆ ਕਿ ਇਸ ਸਬੰਧੀ ਜਦ ਸਬੰਧਤ ਜੇਈ ਨੂੰ ਫੋਨ ਕੀਤਾ ਤਾਂ ਉਸ ਦਾ ਫੋਨ ਬੰਦ ਆ ਰਿਹਾ ਸੀ। ਸ਼ਿਕਾਇਤਿ ਘਰ ਵਾਲਿਆਂ ਦਾ ਵੀ ਫੋਨ ਬੰਦ ਆ ਰਿਹਾ ਸੀ। ਐੱਸਡੀਓ ਸਾਹਿਬ ਨਾਲ ਗੱਲ ਹੋਈ ਤਾਂ ਉਨ੍ਹਾਂ ਕਿਹਾ ਕਿ ਬਿਜਲੀ ਆਈ ਨਹੀਂ। ਲੋਕਾਂ ਦਾ ਕਹਿਣਾ ਹੈ ਕਿ ਦੇਸ਼ ਵਿੱਚ ਸਭ ਤੋਂ ਜ਼ਿਆਦਾ ਬਿਜਲੀ ਪੰਜਾਬ ਵਿੱਚ ਮਹਿੰਗੀ ਹੈ ਪਰ ਫਿਰ ਵੀ 24 ਘੰਟੇ ਬਿਜਲੀ ਨਿਰਵਿਘਨ ਨਹੀਂ ਮਿਲ ਰਹੀ। ਇਸ ਵਿੱਚ ਖਪਤਕਾਰਾਂ ਦਾ ਕੀ ਕਸੂਰ ਹੈ? ਉਹ ਤਾਂ ਮਹਿੰਗੇ ਭਾਅ ਦੀ ਬਿਜਲੀ ਦੇ ਪੈਸੇ ਵੀ ਦੇ ਰਹੇ ਹਨ। ਲੋਕਾਂ ਨੇ ਕਿਹਾ ਕਿ ਸਭ ਤੋਂ ਵੱਧ ਬਿਜਲੀ ਦੇ ਬਿੱਲ ਵਸੂਲ ਕਰਕੇ ਵੀ ਮਹਿਕਮਾ ਪਾਵਰਕਾਮ ਘਾਟੇ ਵਿੱਚ ਜਾ ਰਿਹਾ ਹੈ।

ਇਸ ਵਿੱਚ ਮਹਿਕਮੇ ਅਤੇ ਸਰਕਾਰ ਦੀ ਬਦਇੱਤਜ਼ਾਮੀ ਜ਼ਿੰਮੇਵਾਰ ਹੈ। ਲੋਕਾਂ ਦਾ ਕੋਈ ਕਸੂਰ ਨਹੀਂ। ਲੋਕਾਂ ਨੂੰ ਕਿਉਂ ਸਜ਼ਾ ਦਿੱਤੀ ਜਾ ਰਹੀ ਹੈ? ਲੋਕਾਂ ਨੇ ਸਰਕਾਰ ਪਾਸੋਂ ਨਿਰਵਿਘਨ 24 ਘੰਟੇ ਬਿਜਲੀ ਦੀ ਸਪਲਾਈ ਦੀ ਮੰਗ ਕੀਤੀ ਹੈ।

ਕਿਰਤੀ ਕਿਸਾਨ ਯੂਨੀਅਨ ਵੱਲੋਂ ਨਿਰਵਿਘਨ ਬਿਜਲੀ ਸਪਲਾਈ ਨਾ ਦੇਣ 'ਤੇ ਰੋਸ ਮੁਜ਼ਾਹਰਾ

ਮਜੀਠਾ, (ਬਿਕਰਮਜੀਤ ਗਿੱਲ)-ਕਿਰਤੀ ਕਿਸਾਨ ਯੂਨੀਅਨ ਇਕਾਈ ਮਜੀਠਾ ਵੱਲੋਂ ਜ਼ਿਲ੍ਹਾ ਆਗੂ ਪਲਵਿੰਦਰ ਸਿੰਘ ਜੇਠੂਨੰਗਲ ਦੀ ਅਗਵਾਈ ਹੇਠ ਰੋਸ ਮੁਜ਼ਾਹਰਾ ਕੀਤਾ ਗਿਆ ਅਤੇ ਪਾਵਰਕਾਮ ਮੋਨੋਮੱਟ ਅਤੇ ਪੰਜਾਬ ਸਰਕਾਰ ਪਿਲਾਵ ਨਾਅਰੇਬਾਜ਼ੀ ਕੀਤੀ ਗਈ। ਕਿਸਾਨ ਆਗੂ ਪੰਜਾਬ ਰਾਜ ਪਾਵਰਕਾਮ ਮੋਨੋਮੱਟ ਅਤੇ ਪੰਜਾਬ ਸਰਕਾਰ ਧਾਸੋਂ ਮੰਗ ਕਰ ਰਹੇ ਸਨ ਕਿ ਸੋਹੀਆਂ ਕਲਾਂ ਅਤੇ ਦਬੁਰਜੀ ਸਮੇਤ ਹੋਰ ਖੇਤੀ ਫੀਡਰਾਂ ਤੋਂ ਤਿੰਨ ਤਾਰ ਟਿਊਵੈਲਾਂ ਦੀ ਬਿਜਲੀ ਦੀ ਸਪਲਾਈ ਜਿਹੜੀ ਕਿ ਸਰਕਾਰ ਵੱਲੋਂ 8 ਘੰਟੇ ਨਿਰਵਿਘਨ ਦਿੱਤੀ ਜਾਣ ਦੇ ਆਦੇਸ਼ ਜਾਰੀ ਕੀਤੇ ਗਏ ਹਨ, ਉਹ ਅਧਿਕਾਰੀ ਵੱਲੋਂ ਸਿਰਫ 3 ਘੰਟੇ ਹੀ ਸਪਲਾਈ ਦਿੱਤੀ ਜਾ ਰਹੀ ਹੈ। ਇਸ ਕਰਕੇ ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਹੋਣ ਦੀ ਸਥਿਤੀ ਬਣ ਗਈ ਹੈ। ਇਸ ਕਰਕੇ ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਹੋਣ ਦੀ ਸਥਿਤੀ ਬਣ ਗਈ ਹੈ। ਇਸ ਕਰਕੇ ਕਿਸਾਨਾਂ ਦੀ ਮੰਗ ਹੈ ਕਿ ਸਰਕਾਰ ਤੁਰੰਤ ਇਸ ਦਾ ਨੋਟਿਸ ਲਵੇ। ਸਬੰਧਤੀ ਜੇ ਮਹਿਕਮੇ ਅਤੇ ਪੁਜ਼ਸ਼ਨ ਨੂੰ ਚਿਤਾਵਨੀ ਦਿੱਤੀ ਕਿ ਸੇਕਰ ਬੇਲੀਆਂ ਨੂੰ ਮਿਲਣ ਵਾਲੀ ਬਿਜਲੀ ਦੀ ਸਪਲਾਈ ਨੂੰ 8 ਘੰਟੇ ਨਿਰਵਿਘਨ ਨਾ ਦਿੱਤੀ ਅਤੇ ਘਰਾਂ ਦੇ ਬਿਜਲੀ ਸਪਲਾਈ ਦੇ ਅਨਮੀਲਨੇ ਕੱਟ ਬੰਦ ਨਾ ਕੀਤੇ ਗਏ ਤਾਂ ਪੰਜਾਬ ਪੱਧਰ 'ਤੇ ਬਿਜਲੀ ਘਰਾਂ ਨੂੰ ਘੇਰ ਕੇ ਤੋਲ ਧਰਨੇ ਦਿੱਤੇ ਜਾਣਗੇ ਜਿਸ ਦੀ ਜਿੰਮੇਵਾਰੀ ਪਾਵਰਕਾਮ ਮੋਨੋਮੱਟ ਅਤੇ ਪ੍ਰਸ਼ਾਸਨ ਦੀ ਹੋਵੇਗੀ। ਮੰਗ ਪੱਤਰ ਪ੍ਰਾਪਤ ਕਰਨ ਉਪਰੰਤ ਉਹ ਮੰਡਲ ਅਫਸਰ ਮਨਪ੍ਰੀਤ ਸਿੰਘ ਨੇ ਕਿਹਾ ਕਿ ਮੰਗ ਪੱਤਰ ਸਬੰਧੀ ਉੱਚ ਅਧਿਕਾਰੀਆਂ ਵਰਹਾਲ ਭੇਜ ਦਿਤਾ ਹੈ। ਇਸ ਵਿਚ ਖਪਤਕਾਰਾਂ ਦਾ ਵਿਚਾਰ ਕੀਤਾ ਜਾਵੇਗਾ ਅਤੇ ਜਲਦੀ ਹੀ ਮਸੀਨਾਂ ਦਾ ਹੱਲ ਕੱਢ ਲਿਆ ਜਾਵੇਗਾ।

ਇਸ ਮੌਕੇ ਮੰਡਲ ਪੱਤਰ ਪੇਸ਼ ਕਰਨ ਵਾਲਿਆਂ ਵਿੱਚ ਪਲਵਿੰਦਰ ਸਿੰਘ ਜੇਠੂਨੰਗਲ ਦੇ ਨਾਲ ਜਸਪਾਲ ਸਿੰਘ ਸੋਹੀਆਂ, ਮੁਖਵਿੰਦਰ ਸਿੰਘ ਆਕਾਵਾਲੀ ਵਰਪਾਲ, ਸਾਥ ਸਿੰਘ, ਗੁਰਮੇਲ ਸਿੰਘ, ਸੇਦੀ ਸਿੰਘ, ਗੁਰਾਜ ਸਿੰਘ, ਪਰਗਟ ਸਿੰਘ, ਹਰਪਾਲ ਸੰਘ, ਜੋਬਨਜੀਤ ਸਿੰਘ, ਅਮਨਦੀਪ ਸਿੰਘ, ਪਰਮਜੀਤ ਸਿੰਘ, ਕੁਲਦੀਪ ਸਿੰਘ, ਰਾਜ ਸਿੰਘ ਅਤੇ ਨਾਗ ਕਲਾਂ ਆਦਿ ਹਾਜ਼ਰ ਸਨ।

ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਵਿਖੇ ਆਈਲੈਟਸ ਲਈ ਦਾਖਲਾ ਸ਼ੁਰੂ

ਜਲੰਧਰ-ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਜਲੰਧਰ ਕਰਨਲ ਦਲਵਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ, ਜਲੰਧਰ ਵਿਖੇ ਆਈਲੈਟਸ ਦੇ ਕੋਚਿੰਗ ਸੈਂਟਰ ਵਿੱਚ ਦਾਖਲਾ ਸ਼ੁਰੂ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਦੋਆਬਾ ਖੇਤਰ ਦੇ ਨੌਜਵਾਨਾਂ ਵਿੱਚ ਵਿਦੇਸ਼ਾਂ ਵਿੱਚ ਜਾਣ ਦੇ ਵਧ ਰਹੇ ਰੁਝਾਨ ਨੂੰ ਦੇਖਦੇ ਹੋਏ ਸੂਬਾ ਸਰਕਾਰ ਵੱਲੋਂ ਇਹ ਫੈਸਲਾ ਲਿਆ ਗਿਆ ਹੈ। ਇਸ ਦਫ਼ਤਰ ਵੱਲੋਂ ਚਲਾਏ ਜਾਣ ਵਾਲੇ ਸੈਂਟਰ ਵਿੱਚ ਯੋਗ ਤੇ ਤਜਰਬੇਕਾਰ ਵਿਸ਼ਾ ਮਾਹਰ ਸਿਮਰਤਕਰਣ ਵੱਲੋਂ ਸਿਖਿਆਰਥੀਆਂ ਨੂੰ ਦੀ ਕੋਚਿੰਗ ਦਿੱਤੀ ਜਾਵੇਗੀ।

ਇਸ ਸੈਂਟਰ ਵਿੱਚ ਕੋਰਸ ਲਈ ਸਾਬਕਾ ਸੈਨਿਕਾਂ, ਉਨ੍ਹਾਂ ਦੀਆਂ ਵਿਧਵਾਵਾਂ ਤੇ ਆਸ਼ਰਿਤਾਂ ਦਾ ਦਾਖਲਾ ਪਹਿਲ ਦੇ ਆਧਾਰ 'ਤੇ ਹੋਵੇਗਾ ਅਤੇ ਖਾਲੀ ਸੀਟਾਂ ਹੋਣ ਦੀ ਹਾਲਤ ਵਿੱਚ ਇਹ ਸਿਵਲੀਅਨ ਸਿਖਿਆਰਥੀਆਂ ਵਿਚੋਂ ਭਰੀਆਂ ਜਾਣਗੀਆਂ। ਇਹ ਕੋਰਸ ਬੁਹਤ ਘੱਟ ਫੀਸਾਂ 'ਤੇ ਕਰਵਾਇਆ ਜਾਵੇਗਾ। ਉਨ੍ਹਾ ਸਾਬਕਾ ਸੈਨਿਕਾਂ, ਉਨ੍ਹਾਂ ਦੀਆਂ ਵਿਧਵਾਵਾਂ ਤੇ ਆਸ਼ਰਤਾਂ ਨੂੰ ਇਸ ਕੋਰਸ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ।

ਕੱਵਾਲਾਂ ਦੇ ਸੁਰ-ਸੰਗੀਤ ਨਾਲ ਸਜਿਆ ਮਜ਼ਾਰ ਬਾਬਾ ਮੁਕਾਮ ਸ਼ਾਹ ਦਾ ਸਾਲਾਨਾ ਜੋੜ ਮੇਲਾ

ਮਜੀਠਾ, (ਬਿਕਰਮਜੀਤ ਗਿੱਲ)- ਕਸਬਾ ਮਜੀਠਾ ਦੀ ਵਾਰਡ ਨੰਬਰ 13 ਵਿੱਚ ਮਜ਼ਾਰ ਬਾਬਾ ਮੁਕਾਮ ਸ਼ਾਹ ਵਿਖੇ ਪ੍ਰਬੰਧਕਾਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸਾਲਾਨਾ ਜੋੜ ਮੇਲਾ ਮਨਾਇਆ ਗਿਆ ਜਿਸ ਵਿੱਚ ਵਿਧਾਇਕ ਬਿਕਰਮ ਸਿੰਘ ਮਜੀਠੀਆ ਦੇ ਸਿਆਸੀ ਸਕੱਤਰ ਗਗਨਦੀਪ ਸਿੰਘ ਭਕਨਾ ਅਤੇ ਨਗਰ ਕੌਂਸਲ ਮਜੀਠਾ ਦੇ ਸੀਨੀਅਰ ਮੀਤ ਪ੍ਰਧਾਨ ਪ੍ਰਿੰਸ ਨਦੀਮਰ ਵਿਸ਼ੇਸ਼ ਤੌਰ 'ਤੇ ਨਤਮਸਤਕ ਹੋਏ। ਮੇਲਾ ਪ੍ਰਬੰਧਕਾਂ ਵੱਲੋਂ ਆਏ ਮੁੱਖ ਮਹਿਮਾਨਾਂ ਅਤੇ ਹੋਰ ਪਤਵੰਤਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਮੇਲੇ ਦੌਰਾਨ ਲਿਲਾਕੇ ਦੇ ਪੁਸਿੰਘ ਕੱਵਾਲਾਂ ਅਤੇ ਗਾਇਕਾਂ ਵੱਲੋਂ ਕੱਵਾਲੀਆਂ, ਧਾਰਮਿਕ ਗੀਤ ਅਤੇ ਭਜਨ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਸੰਗਤਾਂ ਵਾਸਤੇ ਅਟੂਟ ਲੰਗਰ ਡੇਗਰਾਂ ਵੀ ਲਗਾਇਆ ਗਿਆ। ਸੰਗਤਾਂ ਨੂੰ ਸੰਬੋਧਨ ਕਰਦਿਆਂ ਗਗਨਦੀਪ ਸਿੰਘ ਭਕਨਾ ਨੇ ਕਿਹਾ ਕਿ ਸਾਨੂੰ ਸਭ ਨੂੰ ਮਿਲ ਜੁਲ ਕੇ ਸਾਰੇ ਗੁਰੂਆਂ, ਪੀਰਾਂ ਫਕੀਰਾਂ ਦੇ ਦਿਨ ਪਿਆਰ ਅਤੇ ਸ਼ਰਧਾ ਨਾਲ ਮਨਾਉਣੇ ਚਾਹੀਦੇ ਹਨ ਜਿਸ ਨਾਲ ਆਪਸੀ ਭਾਈਚਾਰਕ ਸਾਂਝ ਅਤੇ ਪਿਆਰ ਹੋਰ ਵੀ ਗੁੜ੍ਹਾ ਹੁੰਦਾ ਹੈ। ਉਨ੍ਹਾਂ ਨੇ ਪ੍ਰਬੰਧਕਾਂ ਅਤੇ ਸੰਗਤਾਂ ਨੂੰ ਇਸ ਦਿਹਾੜੇ ਦੀ ਵਧਾਈ ਦਿੱਤੀ। ਇਸ ਮੌਕੇ ਉਕਤ ਆਗੂਆਂ ਦੇ ਨਾਲ ਕੌਂਸਲਰ ਬਿੱਲਾ ਸ਼ਾਹ ਆਜ਼ੂਤੀਆਂ, ਬਾਬਾ ਮਹਿਰਵ ਸਿੰਘ, ਅਜੈ ਕੁਮਾਰ ਚੋਪੜਾ, ਉਂਕਾਰ ਮਜੀਠਾ, ਰਾਜਨ ਸ਼ਾਹ ਆਜ਼ੂਤੀਆਂ, ਬੰਬ ਕਹੇਡੂ, ਅਰੁਨ ਭੱਲਾ, ਮਨਜੰਤ ਸਿੰਘ, ਰਾਜਾ ਮਜੀਠਾ ਅਤੇ ਸੰਗਤਾਂ ਹਾਜ਼ਰ ਸਨ।

ਖ਼ਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ ਨੇ ਕਰਵਾਇਆ ਆਨਲਾਈਨ ਦਸਤਾਰ ਸਜਾਉਣ ਦਾ ਮੁਕਾਬਲਾ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)- ਖ਼ਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ, ਰਣਜੀਤ ਐਵੀਨਿਊ ਵੱਲੋਂ ਆਨਲਾਈਨ ਵਿਧੀ ਰਾਹੀਂ ਵਿਦਿਆਰਥੀਆਂ ਨੂੰ ਗੌਰਵਮਈ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਣ ਅਤੇ ਦਸਤਾਰ ਸਜਾਉਣ ਪ੍ਰਤੀ ਉਤਸ਼ਾਹਿਤ ਕਰਨ ਦੇ ਮੰਤਵ ਨਾਲ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਗਏ।

ਇਸ ਮੌਕੇ ਪ੍ਰਿੰ. ਨਿਰਮਲਜੀਤ ਕੌਰ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਦਸਤਾਰ ਸਿੱਖੋ ਸਿੱਖਾਂ ਲਈ ਧਾਰਮਿਕ ਅਕੀਦਤ ਦਾ ਪ੍ਰਤੀਕ ਹੈ, ਉੱਥੇ ਸਮੂਹ ਪੰਜਾਬੀਆਂ ਦੀ ਪਹਿਚਾਣ ਵੀ ਹੈ, ਕਿਉਂਕਿ ਪੱਗ ਦੇ ਨਾਲ ਹਮੇਸ਼ਾ ਮਾਣ ਤੇ ਸਨਮਾਨ ਉੱਚਾ ਹੁੰਦਾ ਹੈ।

ਉਨ੍ਹਾਂ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਸਿੱਖ ਕੌਮ ਦੀ ਸ਼ਾਨਮੱਤੀ ਵਿਰਾਸਤ ਤੋਂ ਜਾਣੂ ਹੋਣ, ਕੇਸਾਂ ਦੀ ਸੰਭਾਲ ਕਰਨ ਅਤੇ ਦਸਤਾਰ ਸਜਾਉਣ। ਇਸ ਮੌਕੇ ਉਨ੍ਹਾਂ ਐਲਾਨ ਕੀਤਾ ਕਿ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸੰਸਥਾ ਦੁਆਰਾ ਸਰਟੀਫਿਕੇਟਾਂ ਨਾਲ ਨਿਵਾਜਿਆ ਜਾਵੇਗਾ ਅਤੇ ਜੇਤੂਆਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਜਾਣਗੇ।

11ਵੀਂ (ਆਰਟਸ) ਦੇ ਪ੍ਰਭਜੋਤ ਸਿੰਘ ਨੇ 'ਮਿਸਟਰ ਸਿੰਘ' ਅਤੇ 11ਵੀਂ (ਕਾਮਰਸ) ਦੇ ਸਾਜਨਪ੍ਰੀਤ ਸਿੰਘ ਨੇ 'ਮਿਸਟਰ ਗੁੱਸੀਅਸ' ਦਾ ਖਿਤਾਬ ਪ੍ਰਾਪਤ ਕੀਤਾ।

ਪ੍ਰਿੰ. ਨਿਰਮਲਜੀਤ ਕੌਰ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਦਸਤਾਰ ਸਿੱਖੋ ਸਿੱਖਾਂ ਲਈ ਧਾਰਮਿਕ ਅਕੀਦਤ ਦਾ ਪ੍ਰਤੀਕ ਹੈ, ਉੱਥੇ ਸਮੂਹ ਪੰਜਾਬੀਆਂ ਦੀ ਪਹਿਚਾਣ ਵੀ ਹੈ, ਕਿਉਂਕਿ ਪੱਗ ਦੇ ਨਾਲ ਹਮੇਸ਼ਾ ਮਾਣ ਤੇ ਸਨਮਾਨ ਉੱਚਾ ਹੁੰਦਾ ਹੈ।

ਸਿਖਲਾਈ ਉਪਰੰਤ ਦਸਤਾਰ ਸਜਾਉਣ ਦੇ ਮੁਕਾਬਲੇ ਆਯੋਜਿਤ ਕਰਵਾਏ ਗਏ, ਜਿਸ 'ਚ ਪੰਜਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਜੂਨੀਅਰ ਵਰਗ 'ਚ 8ਵੀਂ ਜਮਾਤ ਦੇ ਗੁਰਕੀਰਤ ਸਿੰਘ ਨੇ 'ਜੂਨੀਅਰ ਸਿੰਘ', 8ਵੀਂ ਜਮਾਤ ਦੇ ਗੁਰਕੀਰਤ ਸਿੰਘ ਨੇ 'ਕਿਊਟ ਸਰਦਾਰ' ਦਾ ਖ਼ਿਤਾਬ ਹਾਸਲ ਕੀਤਾ।

ਉੱਤਰ ਰੇਲਵੇ

ਟੈਂਡਰ ਨੋਟਿਸ ਨੰ: 11/2021-2022

ਭੰਡਾਰ ਦੀ ਆਪੂਰਤੀ ਲਈ ਮੰਗ ਟੈਂਡਰ ਇਲੈਕਟ੍ਰੋਨਿਕ ਟੈਂਡਰ ਈ ਪੂਲਨੀ ਦੇ ਅੰਤਰਗਤ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਉਪ ਮੁੱਖ ਸਾਮਗਰੀ ਪ੍ਰਬੰਧਕ/ਉੱਤਰ ਰੇਲਵੇ/ਭੰਡਾਰ ਡਿਪੋ/ਯਾਂਤ੍ਰਿਕ ਵਾਹਨਾਂ/ਅੰਮ੍ਰਿਤਸਰ ਦੁਆਰਾ ਸੰਭਾਵਤਕਰਤਾਵਾਂ ਤੋਂ ਹੇਠਾ ਲਿਖੇ ਮਦਾਂ ਦੇ ਲਈ ਈ ਟੈਂਡਰ ਮੰਗ ਕੀਤੀ ਜਾਂਦੀ ਹੈ :-

ਲ. ਨੰ:	ਟੈਂਡਰ ਨੰ:	ਮਦ ਨੰ:	ਮਾਲ ਦਾ ਵੇਰਵਾ	ਮਾਤਰਾ	ਟੈਂਡਰ ਖੁਲਣ ਦੀ ਮਿਤੀ
01	62205210C	1	MS Plate of size 2.5mm X 1250mm X 2500mm of Specification IS: 1079 Gr.HR-1.	71 MT	27.07.2021
		2	MS Plate of size 1.6mm X 1250mm X 3000mm of Specification IS: 1079 Gr.Hr-1.	20.8 MT	

ਟੈਂਡਰ ਸ਼ਰਤਾਂ ireps ਦੀ ਵੇਬ ਸਾਈਟ **www.ireps.gov.in** ਉਤੇ ਉਪਲਬਧ ਹੈ। ਸਾਰੀਆਂ ਇਚ੍ਛਕ ਵਿਤ੍ਰੇਤਾਵਾਂ ਨੂੰ ਈ-ਟੈਂਡਰ ਦਿਤ੍ਰ ਭਰਨ ਲੈਣ ਅਤੇ ਰਜਿਸਟਰ ਕਰਨ ਦੇ ਲਈ ਭਾਰਤ ਸਰਕਾਰ ਅਦੀ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਪ੍ਰਮਾਣਿਤ ਦੇਸ਼ੀਂਸੀ ਤੋਂ ਕਲਾਸ-III ਡਿਜੀਟਲ ਪ੍ਰਮਾਣ ਪੱਤਰ (ਜੋਕਰ ਪਹਿਲਾ ਤੋਂ ਪ੍ਰਾਪਤ ਨਹੀਂ ਕੀਤਾ ਹੈ) ਪ੍ਰਾਪਤ ਕਰਨਾ ਹੋਵੇਗਾ। ਹੋਰ ਹਲਾ ਕਿਸੀ ਟੈਂਡਰ ਸਵੀਕਾਰ ਨਹੀਂ ਕੀਤੀ ਜਾਵੇਗੀ। **1467/2021**

ਗੁਹਾਰਾਂ ਦੀ ਸੇਵਾ ਵਿਚ ਮੁਸਕਰਾਨ ਦੇ ਨਾਲ

PHF LEASING LIMITED

Registered and Corporate Office : 923, G.T. Raod Jalandhar-144001, Pb.
CIN No.L65110PB1992PLC012488
Ph. No. 0181-4639903-06, Fax No.0181-2459635,
Website : www.phfleasing.com Email id : phf_leasingltd@yahoo.co.in

31 ਮਾਰਚ 2021 ਨੂੰ ਖਤਮ ਹੋਈ ਤਿਮਾਹੀ/ਸਾਲ ਦੇ ਸਟੈਂਡਲੋਨ ਪੜਤਾਲੇ ਵਿੱਤੀ ਨਤੀਜਿਆਂ ਦੀ ਸਟੇਟਮੇਂਟ (ਲੈਖਾ ਪੰਞ)

ਲ. ਨੰ.	ਵੇਰਵੇ	ਤਿਮਾਹੀ ਖਤਮ			ਸਾਲ ਖਤਮ	
		31/03/2021	31/12/2020	31/03/2020	31/03/2021	31/03/2020
		ਪੜਤਾਲੇ	ਅਪ-ਪੜਤਾਲੇ	ਪੜਤਾਲੇ	ਪੜਤਾਲੇ	ਪੜਤਾਲੇ
1	ਕਾਰੋਬਾਰਾਂ ਤੋਂ ਕੁੱਲ ਆਮਦਨ	175.45	81.45	75.28	359.95	273.18
2	ਸਮੇਂ ਲਈ ਕੁੱਲ ਲਾਭ/(ਹਾਨੀ) (ਟੈਕਸ ਤੋਂ ਪਹਿਲਾਂ, ਵਿਸ਼ੇਸ਼ ਅਤੇ/ਜਾਂ ਅਸਧਾਰਨ ਆਈਟਮਾਂ) #	1.33	(41.57)	(1.27)	(50.74)	(14.42)
3	ਟੈਕਸ ਤੋਂ ਪਹਿਲਾਂ ਸਮੇਂ ਲਈ ਕੁੱਲ ਲਾਭ/(ਹਾਨੀ) (ਵਿਸ਼ੇਸ਼ ਅਤੇ/ਜਾਂ ਅਸਧਾਰਨ ਆਈਟਮਾਂ ਤੋਂ ਬਾਅਦ)	1.33	(41.57)	(1.27)	(50.74)	(14.42)
4	ਟੈਕਸ ਤੋਂ ਬਾਅਦ ਸਮੇਂ ਲਈ ਕੁੱਲ ਲਾਭ/(ਹਾਨੀ) ਵਿਸ਼ੇਸ਼ ਅਤੇ/ਜਾਂ ਅਸਧਾਰਨ ਆਈਟਮਾਂ ਤੋਂ ਬਾਅਦ)	(2.53)	(36.93)	5.05	(47.78)	(8.10)
5	ਸਮੇਂ ਲਈ ਟੈਕਸ ਤੋ